**ਪ੍ਰ7. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾਉ:** **(3)**

ਆਜਾ ਰਲ ਕੇ ਤੀਆਂ ਤੇ ਚਲੀਏ ਪਿੰਕੀ ਰਮਨ ਨੂੰ ਬੋਲੀ।

**ਪ੍ਰ8. ਹੇਠਾਂ ਲਿਖੇ ਪ੍ਰਸ਼ਨਾਂ ਦੇ ਢੁੱਕਵੇਂ ਉੱਤਰ ਲਿਖੋ:** **(5×4=20)**

ੳ) ਸਿੱਖਾਂ ਨੇ ਸਿੱਖੀ ਦਾ ਕਿਹੜਾ ਕੰਮ ਪੂਰਾ ਕੀਤਾ?

ਅ) ਯੂਰਪ ਦੇ ਦੇਸ਼ਾਂ ਵਿੱਚ ਸਫ਼ਾਈ ਦਾ ਕੀ ਮਹੱਤਵ ਹੈ?

ੲ) ਪਰਮਾਤਮਾ ਨੇ ਵਹਿਮ ਨੂੰ ਦੁਨੀਆਂ ਵਿੱਚ ਕਿਉਂ ਨਹੀਂ ਸੀ ਭੇਜਿਆ?

ਸ) ਖੁਸ਼ੀ ਪ੍ਰਗਟ ਕਰਨ ਦੇ ਕਿਹੜੇ-ਕਿਹੜੇ ਤਰੀਕੇ ਹਨ?

ਹ) ਭਾਰਤੀ ਜੀਵਨ ਜਾਂਚ ਵਿਚਲੇ ਖਾਣ-ਪੀਣ ਤੇ ਸਾਫ਼ ਸਫਾਈ ਬਾਰੇ ਲਿਖੋ।

**ਪ੍ਰ9. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸੰਗ ਸਹਿਤ ਵਿਆਖਿਆ ਕਰੋ:** **(10)**

ਜੇ ਗੁਰੂ ਝਿੜਕੇ ਤ ਮੀਠਾ ਲਾਗੈ ਜੈ ਬਖ਼ਸ਼ੇ ਤ
ਗੁਰ ਵਡਿਆਈ।
ਗੁਰਮੁਖਿ ਬੋਲਹਿ ਸੋ ਥਾਇ ਪਾਏ
ਮਨਮੁਖਿ ਕਿਛੁ ਥਾਇ ਨ ਪਾਈ।

**ਪ੍ਰ10. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(10)**

ਅਲਪ ਅਹਾਰ ਸੁਲਪ ਸੀ ਨਿੰਦ੍ਰਾ
ਦਯਾ ਛਿਮਾਂ ਤਨ ਪ੍ਰੀਤਿ
ਸੀਲ ਸੰਤੋਖ ਸਦਾ ਨਿਰਬਾਹਿਬੋ
ਹ੍ਵੈਬੋ ਤ੍ਰਿਗੁਣ ਅਤੀਤਿ।

ੳ) ਉਪਰੋਕਤ ਸਤਰਾਂ ਕਿਸਦੀਆਂ ਲਿਖੀਆਂ ਹੋਈਆਂ ਹਨ?

ਅ) ਕਵੀ ਨੇ ਕਿਸ ਨਾਲ ਪਿਆਰ ਪਾਉਣ ਦੀ ਗੱਲ ਕੀਤੀ ਹੈ?

ੲ) ਕਿਹੜੇ ਵਿਕਾਰਾਂ ਨੂੰ ਮਨ ਵਿੱਚ ਨਹੀਂ ਲਿਆਉਣਾ ਚਾਹੀਦਾ?

ਸ) ਅਲਪ ਤੇ ਸੁਲਪ ਸ਼ਬਦ ਦੇ ਅਰਥ ਲਿਖੋ।

**ਪ੍ਰ11.** ਰਿਸ਼ਤੇ ਨਾਟਕ ਦੇ ਮੁੱਖ ਪਾਤਰ ਪੀਤੇ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। **(10)**

**ਜਾਂ**

ਰਿਸ਼ਤੇ ਨਾਟਕ ਵਿੱਚ ਲੇਖਕ ਨੇ ਕੀ ਦੱਸਣਾ ਚਾਹਿਆ ਹੈ? ਵਿਸਥਾਰ ਵਿੱਚ ਲਿਖੋ।

**ਪ੍ਰ12.** ਤੁਹਾਡੇ ਵਿਚਾਰ ਅਨੁਸਾਰ ਇਕ ਧਾਰਮਕ ਵਿਅਕਤੀ ਕਿਹੋ ਜਿਹੀਆਂ ਰੁਚੀਆਂ ਦਾ ਮਾਲਕ ਹੈ, ਆਪਣੇ ਵਿਚਾਰ ਲਿਖੋ। **(5)**

# First Term Examination (19 Sept.17)

**Class - XI**

**Paper - Punjabi**

**Set - A**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** (10)

ਅੱਜ ਕਲ੍ਹ ਦੀ ਜ਼ਿੰਦਗੀ ਇਕ ਹੁਲੱੜ ਹੈ ਇਸ ਵਿੱਚ ਵਿਹਲ ਕਿੱਥੇ ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ? ਫਿਰ ਸਾਰੇ ਸਿਆਣੇ, ਧਾਰਮਿਕ ਲਿਖਾਰੀ, ਸਮਾਜਿਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿੱਚ ਬਿਤਾਇਆ ਜਾਵੇ। ਕਹਿੰਦੇ ਹਨ ਜਿੱਥੇ ਅਸੀਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉੱਥੇ ਕਰਮ ਦਾ ਗਿਣ ਕੇ ਲੇਖਾ ਵੀ ਦੇਣਾ ਪਵੇਗਾ। ਇਸ ਲਈ ਹਰ ਆਦਮੀ ਨੂੰ ਜੀਭ ਨੂੰ ਲਗਾਮ ਪਾ ਕੇ ਰੱਖਣੀ ਚਾਹੀਦੀ ਹੈ। ਸਿਰਫ਼ ਲੋੜ ਪਵੇ ਤਾਂ ਮੂੰਹ ਖੋਲਣਾ ਚਾਹੀਦਾ ਹੈ। ਜਦੋਂ ਮਤਲਬ ਦੀ ਗੱਲ ਪੂਰੀ ਹੋ ਜਾਵੇ ਤਾਂ ਝੱਟ ਜੰਦਾ ਲਾ ਕੇ ਚੁੱਪ ਵੱਟ ਲੈਣੀ ਚਾਹੀਦੀ ਹੈ। ਚੁੱਪ ਵਰਗੀ ਕੋਈ ਚੀਜ਼ ਨਹੀਂ। ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ। ਕਈਆਂ ਨੇ ਚੁੱਪ ਦੇ ਮਜ਼ਮੂਨ ਉੱਤੇ ਕਿਤਾਬਾਂ ਲਿਖ ਮਾਰੀਆਂ ਹਨ। ਇਹ ਤਾਂ ਇਉਂ ਹੋਇਆ, ਜਿਵੇਂ ਕੋਈ ਅਰਾਮ ਢੂੰਢਣ ਲਈ ਸੌ ਕੋਹ ਪੈਂਡਾ ਮਾਰੇ, ਜਾਂ ਬਹੁਤ ਤੇਜ਼ ਦੌੜੇ, ਤੇ ਵਰਤਾਂ ਦੀ ਤਿਆਰੀ ਲਈ ਰੋਟੀਆਂ ਦਾ ਕੋਠਾ ਭਰ ਲਵੇ ਚੁੱਪ ਦੇ ਬਹੁਤ ਗੁਣ ਹਨ ਹਰ ਸਿਆਣੇ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ।

ਪ੍ਰ.ੳ) ਅੱਜ ਦੇ ਸਮੇਂ ਵਿਹਲੀਆਂ ਗੱਲਾਂ ਦਾ ਸਮਾਂ ਕਿਉਂ ਨਹੀਂ?

ਅ) ਚੁੱਪ ਸੁਨਹਿਰੀ ਤੇ ਬੋਲ ਰੁਪਹਿਰੀ ਕਿਵੇਂ ਹੈ?

ੲ) ਉਪਰੋਕਤ ਪੈਰੇ ਦਾ ਸਿਰਲੇਖ ਕੀ ਹੈ?

**ਪ੍ਰ2. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 250 ਸ਼ਬਦਾਂ ਦਾ ਲੇਖ ਲਿਖੋ:** (10)

1) ਗੁਰੂ ਗੋਬਿੰਦ ਸਿੰਘ ਜੀ
3) ਸਾਂਝੀ ਵਿੱਦਿਆ
2) ਵਿਦਿਆਰਥੀ ਤੇ ਅਨੁਸ਼ਾਸਨ
4) ਮਹਿੰਗਾਈ ਦੀ ਸਮੱਸਿਆ

**ਪ੍ਰ3.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਤੇ ਬਿਜਲੀ ਦੀ ਸਮੱਸਿਆ ਬਾਰੇ ਦੱਸਿਆ ਗਿਆ ਹੋਵੇ। **(8)**

**ਪ੍ਰ4.** ਤੁਹਾਡਾ ਪਲਾਟ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ। **(7)**

**ਜਾਂ**

ਨਾਂ ਬਦਲਣ ਸੰਬੰਧੀ ਕਿਸੇ ਅਖਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ।

**ਪ੍ਰ5. ਹੇਠਾਂ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਚਾਰ ਮੁਹਾਵਰਿਆਂ ਦੇ ਅਰਥ ਦੱਸ ਕੇ ਨੂੰ ਵਾਕਾਂ ਵਿੱਚ ਵਰਤੋ – (4)**

ਉਸਤਾਦੀ ਕਰਨੀ, ਅੱਜ ਕੱਲ ਕਰਨਾ, ਇੱਕ ਅੱਖ ਨਾਲ ਵੇਖਣਾ, ਈਦ ਦਾ ਚੰਨ ਹੋਣਾ, ਅੱਖਾਂ ਵਿੱਚ ਚਰਬੀ ਆਉਣੀ

**ਪ੍ਰ6. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** (3)

ੳ) ਲੜਕੇ ਜਮਾਤ ਵਿੱਚ ਪੜ੍ਹਦਾ ਹੈ।

ਅ) ਪੀਂਘ ਝੂਟਦੀਆਂ ਹਨ ਕੁੜੀਆਂ ਵੇਖੋ।

ੲ) ਮੋਹਨ ਸੋਹਨ ਤੇ ਰਮਨ ਅੱਜ ਜਾਣਗੇ ਬਜ਼ਾਰ।